# ਕਵਿਤਾ ਦੇ ਅੰਗ-ਸੰਗ : ਅੰਤਰਕਲਾਸ ਕਵਿਤਾ ਮੁਕਾਬਲਾ

ਸ੍ਰੀ ਗੁਰੂ ਨਾਨਕ ਦੇਵ ਖ਼ਾਲਸਾ ਕਾਲਜ ਮਿਤੀ 9 ਅਕਤੂਬਰ 2020 ਨੂੰ ਕਵਿਤਾ-ਮੁਕਾਬਲਾ 'ਕਵਿਤਾ ਦੇ ਅੰਗ-ਸੰਗ' ਕਰਵਾਇਆ ਗਿਆ।ਇਸ ਮੁਕਾਬਲੇ ਵਿੱਚ ਕਾਲਜ ਦੇ ਵੱਖ-ਵੱਖ ਕੋਰਸਾਂ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ। ਇਸ ਮੁਕਾਬਲੇ ਅਧੀਨ ਪ੍ਰਤਿਭਾਗੀਆਂ ਨੂੰ ਸਵੈ ਰਚਿਤ ਜਾਂ ਪੰਜਾਬੀ ਦੀ ਕੋਈ ਵੀ ਕਵਿਤਾ ਪੇਸ਼ ਕਰਨ ਦਾ ਮੌਕਾ ਦਿੱਤਾ ਗਿਆ।ਪ੍ਰੋਗਰਾਮ ਦਾ ਮਕਸਦ ਵਿਦਿਆਰਥੀਆਂ ਦੇ ਸਹੀ ਉੱਚਾਰਣ ਤੇ ਪੇਸ਼ਕਾਰੀ ਵੱਲ ਉਚੇਰਾ ਧਿਆਨ ਦਿਵਾਉਣਾ ਸੀ।

ਪ੍ਰੋਗਰਾਮ ਦੇ ਅਰੰਭ ਵਿੱਚ ਕਾਲਜ ਦੇ ਪ੍ਰਿੰਸੀਪਲ ਡਾ. ਗੁਰਮੋਹਿੰਦਰ ਸਿੰਘ ਨੇ ਕਿਹਾ,'ਕੋਈ ਵੀ ਕਵਿਤਾ ਦੇ ਰਾਹੀਂ ਆਪਣੇ ਭਾਵਾਂ ਤੇ ਵਿਚਾਰਾਂ ਨੂੰ ਬਿੰਬਾਂ ਤੇ ਪ੍ਰਤੀਕਾਂ ਰਾਹੀਂ ਉਜਾਗਰ ਕਰ ਸਕਦਾ ਹੈ। ਅੱਜ ਦੇ ਵਿਦਿਆਰਥੀ ਬਹੁਤ ਹੋਣਹਾਰ ਹਨ। ਸਾਡੀ ਨਵੀਂ ਪਨੀਰੀ ਪੰਜਾਬੀ ਕਵਿਤਾ ਵਾਲੇ ਪਾਸੇ ਆ ਰਹੀ ਹੈ, ਜੋ ਬਹੁਤ ਹੀ ਖ਼ੁਸ਼ੀ ਦੀ ਗੱਲ ਹੈ।'

ਇਸ ਕਵਿਤਾ ਮੁਕਾਬਲੇ ਵਿੱਚ ਦਸ ਵਿਦਿਆਰਥੀਆਂ ਨੇ ਹਿੱਸਾ ਲਿਆ।ਉਨ੍ਹਾਂ ਵਲੋਂ ਪੇਸ਼ ਕੀਤੀਆਂ ਕਵਿਤਾਵਾਂ ਵੱਖ-ਵੱਖ ਭਾਵਾਂ ਵਾਲੀਆਂ ਸਨ। ਜਿਨ੍ਹਾਂ ਵਿੱਚ ਅਜੋਕੇ ਸਮੇਂ ਦੀ ਕਿਸਾਨ ਸਮਸਿੱਆ, ਦਰਖ਼ਤਾਂ ਦਾ ਵੱਢਿਆ ਜਾਣਾ ਤੇ ਰੋਟੀ ਆਦਿ ਵਿਸ਼ੇ ਸ਼ਾਮਲ ਸਨ। ਇਸ ਤੋਂ ਇਲਾਵਾ ਮਾਂ, ਮਾਤਾ ਗੁਜਰੀ ਜੀ, ਜੰਗਨਾਮਾ, ਸੁਰਜੀਤ ਪਾਤਰ ਦੀ ਕਵਿਤਾ ਤੇ ਪੰਜਾਬੀ ਬੋਲੀ ਜਿਹੀਆਂ ਕਵਿਤਾਵਾਂ ਪੇਸ਼ ਕੀਤੀਆਂ ਗਈਆਂ।

ਵਿਭਾਗ ਦੇ ਕਨਵੀਨਰ ਡਾ. ਬਰਜਿੰਦਰ ਚੌਹਾਨ ਨੇ ਵਿਦਿਆਰਥੀਆਂ ਨੂੰ ਸਹੀ ਉੱਚਾਰਣ ਸੰਬੰਧੀ ਕਈ ਨੁਕਤੇ ਦੱਸੇ।ਪੰਜਾਬੀ ਵਿਭਾਗ ਦੇ ਸਾਰੇ ਪ੍ਰਾਧਿਆਪਕ ਇਸ ਵਿੱਚ ਸ਼ਾਮਲ ਹੋਏ।ਡਾ. ਬੇਅੰਤ ਕੌਰ, ਡਾ. ਭੁਪਿੰਦਰਪਾਲ ਸਿੰਘ ਬਖ਼ਸ਼ੀ, ਡਾ. ਵਿਨੈਨੀਤ ਕੌਰ, ਡਾ. ਪਰਮਜੀਤ ਕੌਰ ਤੇ ਡਾ. ਕੰਬੋਜ ਨੇ ਇਸ ਉਦੱਮ ਨੂੰ ਸਲਾਹਿਆ ਤੇ ਸੇਧ ਦੇਂਦੇ ਹੋਏ, ਵਿਦਿਆਰਥੀਆਂ ਦੀ ਹੌਂਸਲਾ ਅਫ਼ਜਾਈ ਕੀਤੀ।ਪ੍ਰੋਗਰਾਮ ਦਾ ਸੰਚਾਲਨ ਡਾ. ਜਸਵਿੰਦਰ ਕੌਰ ਬਿੰਦਰਾ ਨੇ ਕੀਤਾ।ਜੇਤੂ ਵਿਦਿਆਰਥੀਆਂ ਨੂੰ ਨਕਦ ਇਨਾਮ ਵੀ ਦਿੱਤੇ ਗਏ।